20102025-Hoshiarpur-08.qxd 10/19/2025 11:36 PM Page 4

ਬੀਸਲਾ ਵਿਖੇ ਬਲਾਕ ਪ੍ਰਾਇਮਰੀ ਸਕੂਲਾਂ ਦੀਆਂ ਦੋ ਦਿਨਾਂ ਖੇਡਾਂ ਸਮਾਪਤ

ਜੇਤੂ ਟੀਮਾਂ ਨੂੰ ਸਨਮਾਨਿਤ ਕਰਦੇ ਹੋਏ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਜਗਦੀਪ ਸਿੰਘ ਜੌਹਲ ਨਾਲ ਸਟਾਫ਼। ਤਸਵੀਰ : ਨਛੱਤਰ ਸਿੰਘ ਬਹਿਰਾਮ

ਬਹਿਰਾਮ, 19 ਅਕਤੂਬਰ (ਨਛੱਤਰ ਸਿੰਘ ਬਹਿਰਾਮ)-ਬਲਾਕ ਦੇ ਪ੍ਰਾਇਮਰੀ ਸਕੂਲਾਂ ਦੀਆਂ ਦੋ ਦਿਨਾਂ ਖੇਡਾਂ ਬੀਸਲਾ ਸਕੂਲ ਵਿਚ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਰਦਾਸ ਕਰਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਜਗਦੀਪ ਸਿੰਘ ਜੌਹਲ, ਸੀ. ਐੱਚ. ਟੀ. ਮੈਡਮ ਅਵਤਾਰ ਕੌਰ, ਸੀ. ਐੱਚ. ਟੀ. ਮੈਡਮ ਗੀਤਾ, ਅਨੂੰ, ਭੁਪਿੰਦਰ ਕੌਰ ਸੰਧਵਾਂ ਤੇ ਮੇਜ਼ਬਾਨ ਸਕੂਲ ਤੋਂ ਮੈਡਮ ਗੁਰਪ੍ਰੀਤ ਕੌਰ ਬੀਸਲਾ ਦੀ ਹਾਜ਼ਰੀ 'ਚ ਸ਼ੁਰੂ ਕਰਵਾਈਆਂ ਗਈਆਂ, ਤਕਰੀਬਨ 350 ਦੇ ਕਰੀਬ ਬੱਚਿਆਂ ਨੇ ਵੱਖ-ਵੱਖ ਖੇਡਾਂ 'ਚ ਭਾਗ ਲਿਆ। ਪਹਿਲੇ ਦਿਨ ਕਬੱਡੀ, ਖੋ-ਖੋ, ਬੈਡਮਿੰਟਨ, ਫੁੱਟਬਾਲ, ਯੋਗਾ, ਕੁਸ਼ਤੀ ਤੇ ਸ਼ਤਰੰਜ ਮੁਕਾਬਲੇ ਕਰਵਾਏ ਗਏ ਅਤੇ ਦੂਜੇ ਦਿਨ ਅਥਲੈਟਿਕਸ ਤੇ ਰੱਸਾਕਸ਼ੀ ਦੇ ਮੁਕਾਬਲੇ ਕਰਵਾਏ ਗਏ। ਸੈਂਟਰ ਬੀਸਲਾ ਦੇ ਖਿਡਾਰੀਆਂ ਨੇ ਕਬੱਡੀ ਨੈਸ਼ਨਲ ਸਟਾਈਲ 'ਚ ਮਕਸੂਦਪੁਰ ਤੇ ਸਰਕਲ ਸਟਾਈਲ 'ਚ ਸੈਂਟਰ ਸੰਧਵਾਂ ਨੂੰ ਹਰਾ ਕੇ ਸੋਨ ਤਗਮਾ ਜਿੱਤਿਆ ਅਤੇ ਕਬੱਡੀ (ਕੁੜੀਆਂ), ਖੋ-ਖੋ (ਮੁੰਡੇ ਤੇ ਕੁੜੀਆਂ) ਦੋਹਾਂ ਮੁਕਾਬਲਿਆਂ ਵਿਚ ਉੱਪ-ਜੇਤੂ ਰਹਿ ਕੇ ਚੰਗੀ ਵਾਹ-ਵਾਹ ਖੱਟੀ। ਜਦ ਕਿ ਸੈਂਟਰ ਸੰਧਵਾਂ ਦੀਆਂ ਕੁੜੀਆਂ ਨੇ ਕਬੱਡੀ 'ਚ ਆਪਣੀ ਧਾਂਕ ਜਮਾਈ। ਖੋ-ਖੋ, ਬੈਡਮਿੰਟਨ ਤੇ ਸ਼ਤਰੰਜ ਦੇ ਮੁੰਡੇ ਅਤੇ ਕੁੜੀਆਂ ਦੋਹਾਂ ਮੁਕਾਬਲਿਆਂ ਵਿਚ ਜਿੱਤ ਹਾਸਿਲ ਕਰਕੇ ਸੈਂਟਰ ਮਕਸੂਦਪੁਰ ਨੇ ਸੀ. ਐੱਚ. ਟੀ. ਮੈਡਮ ਗੀਤਾ ਦੀ ਅਗਵਾਈ ਹੇਠ ਸਮੁੱਚੀ ਟਰਾਫ਼ੀ 'ਤੇ ਕਬਜ਼ਾ ਕੀਤਾ। ਫੁੱਟਬਾਲ 'ਚੋਂ ਜੱਸੋਮਜਾਰਾ ਬਿਨਾਂ ਮੁਕਾਬਲਾ ਜੇਤੂ ਤੇ ਰੱਸਾਕਸ਼ੀ ਦੇ ਦਿਲਚਸਪ ਮੁਕਾਬਲੇ 'ਚੋਂ ਬੰਗਾ ਸੈਂਟਰ ਨੇ ਸੰਧਵਾਂ ਨੂੰ ਹਰਾ ਕੇ ਬਾਜ਼ੀ ਮਾਰੀ, ਜਦ ਕਿ ਕੁਸ਼ਤੀਆਂ ਤੇ ਅਥਲੈਟਿਕਸ ਮੁਕਾਬਲਿਆਂ 'ਚੋਂ ਰਲਵੇਂ-ਮਿਲਵੇਂ ਨਤੀਜੇ ਸਾਹਮਣੇ ਆਏ। ਖੇਡ ਕਮੇਟੀ ਮੈਂਬਰਾਂ, ਮੈਡਮ ਗੁਰਪ੍ਰੀਤ ਕੌਰ, ਹਰਮੀਤ ਕੌਰ, ਨਛੱਤਰ ਕੌਰ ਸੰਧਵਾਂ, ਉਂਕਾਰ ਸਿੰਘ, ਮਨੋਜ ਕੁਮਾਰ ਤੋਂ ਇਲਾਵਾ ਬੀ. ਆਰ. ਸੀ. ਹਰਮੇਸ਼ ਲਾਲ ਵਲੋਂ ਵਧੀਆ ਖੇਡਾਂ ਕਰਵਾਉਣ ਲਈ ਨਿਭਾਈ ਗਈ ਭੂਮਿਕਾ ਕਾਬਿਲ-ਏ-ਤਾਰੀਫ਼ ਰਹੀ। ਟੂਰਨਾਮੈਂਟ ਦੌਰਾਨ ਮਾਸਟਰ ਹਰਪਾਲ ਸਿੰਘ, ਰਵਿੰਦਰ ਸਿੰਘ, ਸਤਵਿੰਦਰ ਸਿੰਘ, ਭੁਪਿੰਦਰ ਕੁਮਾਰ, ਬਹਾਦਰ ਚੰਦ, ਬਲਜਿੰਦਰ ਕੁਮਾਰ, ਬਲਵਿੰਦਰ ਸਿੰਘ, ਗੁਰਸ਼ਰਨ ਸਿੰਘ ਆਦਿ ਨੇ ਰੈਫਰੀ ਦੀ ਭੂਮਿਕਾ ਨਿਭਾਈ। ਇਸ ਮੌਕੇ ਮਾਸਟਰ ਅਸ਼ੋਕ ਕੁਮਾਰ, ਸੁਦੇਸ਼ ਦੀਵਾਨ, ਮੈਡਮ ਪੁਸ਼ਪਾ, ਰੀਨਾ ਸੂਦ, ਮੈਡਮ ਰਿੰਪੀ, ਜੁਗਰਾਜ ਸਿੰਘ, ਸੁਖਵਿੰਦਰ ਸਿੰਘ, ਪਰਮਜੀਤ ਸਿੰਘ, ਮੈਡਮ ਪਰਮਜੀਤ ਕੌਰ ਖਾਲਸਾ ਮੰਢਾਲੀ, ਸੁਰਿੰਦਰ ਕੌਰ, ਨਰਿੰਦਰ ਕੌਰ, ਮੈਡਮ ਮਨਜੀਤ ਕੁਮਾਰੀ, ਕੁਲਵਿੰਦਰ ਕੌਰ, ਰੁਪਿੰਦਰਜੀਤ ਕੌਰ, ਮਨਦੀਪ ਕੌਰ, ਸੁਖਦੀਪ ਕੌਰ ਹੈੱਡ ਟੀਚਰ, ਸੀਤਾ ਦੇਵੀ, ਨੀਸ਼ਾ ਲਾਦੀਆਂ, ਊਸ਼ਾ, ਜਸਵਿੰਦਰ ਕੌਰ, ਗੁਰਦੀਪ ਕੌਰ, ਹਰਜਿੰਦਰ ਰਾਣੀ, ਤੇਜਵਿੰਦਰ ਕੌਰ, ਨਛੱਤਰ ਕੌਰ ਮਜਾਰੀ, ਰਾਜ ਕੁਮਾਰ ਚੱਕ-ਮੰਡੇਰ, ਜੇ. ਪੀ. ਸਿੰਘ, ਨਵਦੀਪ ਸਿੰਘ, ਦਵਿੰਦਰ ਸਿੰਘ, ਹਰਬਲਾਸ, ਰਮਨਦੀਪ ਸ਼ਰਮਾ, ਕਰਮਜੀਤ ਸਿੰਘ, ਅਸ਼ੋਕ ਕੁਮਾਰ ਜੰਡਿਆਲਾ ਆਦਿ ਹਾਜ਼ਰ ਸਨ।

ਕਬੱਡੀ ਟੂਰਨਾਮੈਂਟ ਦੌਰਾਨ ਜੇਤੂ ਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਦੇ ਹੋਏ ਸੋਹਣ ਸਿੰਘ ਗਰਚਾ ਕੈਨੇਡਾ, ਸਰਪੰਚ ਰਾਜਵੀਰ ਕੌਰ, ਹਰਨੇਕ ਸਿੰਘ ਨੇਕਾ ਸਾਬਕਾ ਸਰਪੰਚ, ਬਿੰਦਾ ਸਿੰਘ ਯੂ.ਐਸ.ਏ, ਸੁਰਜੀਤ ਸਿੰਘ, ਬਲਵੀਰ ਸਿੰਘ ਯੂ.ਕੇ, ਧਰਮਿੰਦਰ ਸਿੰਘ, ਸੁਖਦੇਵ ਸਿੰਘ, ਰਣਜੀਤ ਸਿੰਘ ਬੈਂਸ, ਸੁਖਵਿੰਦਰ ਸਿੰਘ, ਸਾਬਕਾ ਸਰਪੰਚ ਬੂਟਾ ਸਿੰਘ ਤੇ ਗੁਰਦਿਆਲ ਚੰਦ ਅਤੇ ਐਨ. ਆਰ. ਆਈ. ਵੀਰ। ਤਸਵੀਰ : ਕੁਲਦੀਪ ਸਿੰਘ ਝਿੰਗੜ

ਮੱਲ੍ਹਾ ਬੇਦੀਆਂ ਵਿਖੇ ਸੰਤ ਬਾਬਾ ਜਗਵਾਨਾ ਸਾਹਿਬ ਦੀ ਯਾਦ 'ਚ ਕਬੱਡੀ ਟੂਰਨਾਮੈਂਟ ਕਰਵਾਇਆ

ਫਾਈਨਲ ਮੁਕਾਬਲੇ 'ਚ ਮਾਲਵਾ ਕਬੱਡੀ ਕਲੱਬ ਜੇਤੂ

ਔੜ/ਝਿੰਗੜਾਂ, 19 ਅਕਤੂਬਰ (ਕੁਲਦੀਪ ਸਿੰਘ ਝਿੰਗੜ)-ਗੁਰਦੁਆਰਾ ਸੰਤ ਬਾਬਾ ਜਗਵਾਣਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਐਨ. ਆਰ. ਆਈ. ਵੀਰਾਂ ਤੇ ਨਗਰ ਵਾਸੀਆਂ ਦੇ ਸਹਿਯੋਗ ਨਾਲ ਕਬੱਡੀ ਟੂਰਨਾਮੈਂਟ ਕਰਵਾਇਆ, ਜਿਸ ਦਾ ਉਦਘਾਟਨ ਸੋਹਣ ਸਿੰਘ ਗਰਚਾ ਕੈਨੇਡਾ, ਬਿੰਦਾ ਸਿੰਘ ਯੂ. ਐਸ. ਏ., ਸੁਰਜੀਤ ਸਿੰਘ, ਬਲਵੀਰ ਸਿੰਘ ਯੂ. ਕੇ., ਧਰਮਿੰਦਰ ਸਿੰਘ, ਸੁਖਦੇਵ ਸਿੰਘ, ਰਣਜੀਤ ਸਿੰਘ ਬੈਂਸ, ਸਾਬਕਾ ਸਰਪੰਚ ਹਰਨੇਕ ਸਿੰਘ ਨੇਕਾ ਮੱਲਾ ਬੇਦੀਆਂ, ਬੂਟਾ ਸਿੰਘ ਤੇ ਗੁਰਦਿਆਲ ਚੰਦ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ ਆਦਿ ਸਹਿਯੋਗੀ ਸੱਜਣਾਂ ਵਲੋਂ ਸਾਂਝੇ ਤੌਰ 'ਤੇ ਕੀਤਾ। ਫਾਈਨਲ ਮੁਕਾਬਲੇ 'ਚ ਮਾਲਵਾ ਕਬੱਡੀ ਕਲੱਬ ਜੇਤੂ ਰਿਹਾ। ਇਸ ਟੂਰਨਾਮੈਂਟ 'ਚ ਦਰਸ਼ਕ ਪ੍ਰੇਮੀਆਂ ਨੇ ਕੁੜੀਆਂ ਤੇ ਮੁੰਡਿਆਂ ਦੇ ਨਾਮਵਰ ਕਬੱਡੀ ਕਲੱਬਾਂ ਦੇ ਕਬੱਡੀ ਮੈਚ ਦੇਖਣ ਦਾ ਆਨੰਦ ਮਾਣਿਆ। ਮੁਕਾਬਲਿਆਂ 'ਚ ਜੇਤੂ ਤੇ ਉਪ ਜੇਤੂ ਟੀਮਾਂ ਨੂੰ ਪ੍ਰਬੰਧਕਾਂ ਅਤੇ ਗ੍ਰਾਮ ਪੰਚਾਇਤ ਵਲੋਂ ਯਾਦਗਾਰੀ ਚਿੰਨ੍ਹਾਂ ਤੇ ਦਿਲ ਖਿੱਚਵੇਂ ਭਾਰੀ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ। ਸਟੇਜ ਸਕੱਤਰ ਦੀ ਵੱਡੀ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਹਰਨੇਕ ਸਿੰਘ ਨੇਕਾ ਸਾਬਕਾ ਸਰਪੰਚ ਮੱਲ੍ਹਾ ਬੇਦੀਆਂ ਵਲੋਂ ਕਬੱਡੀ ਟੂਰਨਾਮੈਂਟ ਦੇਖਣ ਆਏ ਸਮੂਹ ਦਰਸ਼ਕ ਪ੍ਰੇਮੀਆਂ, ਪਤਵੰਤੇ ਸੱਜਣਾਂ ਤੇ ਸਹਿਯੋਗੀ ਸੇਵਾਦਾਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਆਖਿਆਂ ਕਿ ਨੌਜਵਾਨ ਪੀੜ੍ਹੀ ਨੂੰ ਜਿਥੇ ਸਮਾਜਿਕ ਬੁਰਾਈਆਂ ਤੋਂ ਬਚਾਇਆ ਜਾ ਸਕਦਾ ਹੈ ਉਥੇ ਪੇਂਡੂ ਖੇਡ ਮੇਲੇ ਆਪਸੀ ਭਾਈਚਾਰਕ ਸਾਂਝ ਵਧਾਉਂਦੇ ਹਨ। ਇਸ ਲਈ ਸਾਨੂੰ ਪੇਂਡੂ ਖੇਡ ਮੇਲੇ ਭਾਰੀ ਉਤਸ਼ਾਹ ਨਾਲ ਮਨਾਉਣੇ ਚਾਹੀਦੇ ਹਨ। ਉਨ੍ਹਾਂ ਕਬੱਡੀ ਟੂਰਨਾਮੈਂਟ ਦੇਖਣ ਆਏ ਦਰਸ਼ਕਾਂ ਪ੍ਰੇਮੀਆਂ ਤੇ ਪ੍ਰਬੰਧਕਾਂ ਵਲੋਂ ਕੀਤੇ ਉਪਰਾਲੇ ਦੀ ਵਧਾਈ ਦਿੱਤੀ। ਆਖਰ ਇਹ ਕਬੱਡੀ ਟੂਰਨਾਮੈਂਟ ਫਿਰ ਮਿਲਣ ਦਾ ਵਾਅਦਾ ਕਰਦਾ ਹੋਇਆ ਸਮਾਪਤ ਹੋ ਗਿਆ। ਇਸ ਮੌਕੇ ਸਰਪੰਚ ਰਾਜਵੀਰ ਕੌਰ ਸਰਪੰਚ, ਸਾਬਕਾ ਸਰਪੰਚ ਹਰਨੇਕ ਸਿੰਘ ਨੇਕਾ, ਬੂਟਾ ਸਿੰਘ, ਗੁਰਦਿਆਲ ਚੰਦ ਤੇ ਕੁਲਵਿੰਦਰ ਕੌਰ, ਪੰਚ ਅਨੀਤਾ ਸਿੰਘ ਤੇ ਮਹਿੰਦਰ ਕੌਰ, ਕੁਲਵਰਨ ਸਿੰਘ, ਹਰਪ੍ਰੀਤ ਸਿੰਘ ਹੈਪੀ, ਬਲਜਿੰਦਰ ਸਿੰਘ ਬਿੰਦਾ ਕੈਨੇਡਾ, ਕੁਲਵੰਤ ਸਿੰਘ ਯੂ. ਐਸ. ਏ., ਜਗਤਾਰ ਸਿੰਘ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ ਕੰਗ ਸਾਬੂ, ਜਸਕਰਨ ਸਿੰਘ ਆਦਿ ਤੋਂ ਇਲਾਵਾ ਪ੍ਰਬੰਧਕ, ਐਨ. ਆਰ. ਆਈ., ਪਿੰਡ ਵਾਸੀ ਇਲਾਕੇ ਦੇ ਦਰਸ਼ਕ ਪ੍ਰੇਮੀ ਹਾਜ਼ਰ ਸਨ।

ਲਾਇਨਜ਼ ਕਲੱਬ ਐਕਟਿਵ ਮੁਕੰਦਪੁਰ ਦੇ ਮੈਂਬਰ ਲੋੜਵੰਦਾਂ ਨੂੰ ਰਾਸ਼ਨ ਵੰਡਦੇ ਹੋਏ। ਤਸਵੀਰ : ਅਮਰੀਕ ਸਿੰਘ ਢੀਂਡਸਾ

ਲਾਇਨਜ਼ ਕਲੱਬ ਮੁਕੰਦਪੁਰ ਨੇ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਰਾਸ਼ਨ

ਮੁਕੰਦਪੁਰ, 19 ਅਕਤੂਬਰ (ਅਮਰੀਕ ਸਿੰਘ ਢੀਂਡਸਾ)- ਲਾਇਨ ਕਲੱਬ ਮੁਕੰਦਪੁਰ ਐਕਟਿਵ ਨੇ ਪਿੰਡ ਤਲਵੰਡੀ ਫੱਤੂ ਵਿਖੇ ਕਲੱਬ ਚਾਰਟਰਡ ਪ੍ਰਧਾਨ ਚਰਨਜੀਤ ਸਿੰਘ ਤਲਵੰਡੀ ਫੱਤੂ ਤੇ ਕਲੱਬ ਪ੍ਰਧਾਨ ਸਤਪਾਲ ਮੰਡੇਰ ਦੀ ਅਗਵਾਈ ਵਿਚ ਮੱਖਣ ਸਿੰਘ ਵਿਰਦੀ ਯੂ. ਕੇ. ਦੀ ਸਹਾਇਤਾ ਨਾਲ ਪਿੰਡ ਤਲਵੰਡੀ ਫੱਤੂ ਵਿਖੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਪ੍ਰਾਜੈਕਟ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਹਰੀਸ਼ ਬੰਗਾ ਜ਼ਿਲ੍ਹਾ ਕੋਆਰਡੀਨੇਟਰ ਤੇ ਜ਼ੋਨ ਚੇਅਰਮੈਨ ਕਮਲਜੀਤ ਸਿੰਘ ਐਡਵੋਕੇਟ ਵਲੋਂ ਲਾਇਨਜ਼ ਕਲੱਬ ਮੁਕੰਦਪੁਰ ਐਕਟਿਵ ਦੀ ਤਰਫ਼ੋਂ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਤੇ ਅੱਗੇ ਤੋਂ ਅਜਿਹੇ ਪ੍ਰਾਜੈਕਟ ਕਰਨ ਲਈ ਪ੍ਰੇਰਿਆ। ਕਲੱਬ ਪ੍ਰਧਾਨ ਵਲੋਂ ਆਏ ਹੋਏ ਚੀਫ਼ ਗੈੱਸਟ ਹਰੀਸ਼ ਬੰਗਾ ਤੇ ਹੋਰ ਕਲੱਬ ਸਾਥੀਆਂ ਦਾ ਧੰਨਵਾਦ ਕੀਤਾ। ਮੈਡਮ ਸ਼ਕੁੰਤਲਾ ਸਰੋਆ ਨੇ ਆਪਣੇ ਸੰਬੋਧਨ ਵਿਚ ਦੱਸਿਆ ਕਿ ਅਸੀਂ ਆਉਣ ਵਾਲੇ ਸਮੇਂ ਵਿਚ ਵੀ ਮੈਡੀਕਲ ਕੈਂਪ ਲਗਾ ਕੇ ਲੋਕ ਭਲਾਈ ਦੇ ਕੰਮਾਂ ਨੂੰ ਨਿਰੰਤਰ ਜਾਰੀ ਰੱਖਾਂਗੇ ਤੇ ਮੱਖਣ ਸਿੰਘ ਵਿਰਦੀ ਯੂ. ਕੇ. ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਕਲੱਬ ਪ੍ਰਧਾਨ ਸਤਪਾਲ ਮੰਡੇਰ, ਚਰਨਜੀਤ ਸਿੰਘ ਤਲਵੰਡੀ ਫੱਤੂ, ਮਨਜਿੰਦਰ ਸਿੰਘ ਬੰਗਾ ਵਾਈਸ ਪ੍ਰਧਾਨ ਲਾਇਨ ਕਲੱਬ ਬੰਗਾ ਨਿਸ਼ਚੇ, ਮਾਸਟਰ ਸੁਖਵਿੰਦਰ ਪਾਲ ਤਲਵੰਡੀ ਫੱਤੂ, ਹਰਮਿੰਦਰ ਸਿੰਘ ਸਰਪੰਚ, ਸ਼ਕੁੰਤਲਾ ਸਰੋਆ, ਆਸ਼ਾ ਰਾਣੀ ਤਲਵੰਡੀ ਫੱਤੂ, ਸੁਖਵਿੰਦਰ ਸਿੰਘ, ਸੁਨੀਤਾ ਰਾਣੀ, ਨੀਲਮ ਰਾਣੀ, ਕੁਲਵਿੰਦਰ ਕੌਰ, ਸਿੰਦੋ ਬਲਵੀਰ ਕੌਰ ਆਦਿ ਮੌਜੂਦ ਰਹੇ।

ਬਲਾਚੌਰ ਵਿਖੇ ਬਾਬਾ ਬਲਰਾਜ ਦੀ ਯਾਦ 'ਚ ਛਿੰਝ ਮੇਲਾ 22 ਨੂੰ

*ਤਿਆਰੀਆਂ ਮੁਕੰਮਲ-ਪ੍ਰਧਾਨ ਵਿਸ਼ੂ ਰਾਣਾ

ਬਲਾਚੌਰ, 19 ਅਕਤੂਬਰ (ਦੀਦਾਰ ਸਿੰਘ ਬਲਾਚੌਰੀਆ)-ਮਹਾਨ ਸਿੱਧ ਪੁਰਸ਼ ਬਾਬਾ ਬਲਰਾਜ ਦੀ ਪਵਿੱਤਰ ਯਾਦ ਨੂੰ ਸਮਰਪਿਤ ਸਾਲਾਨਾ ਛਿੰਝ ਮੇਲਾ 22 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਬਾਬਾ ਬਲਰਾਜ ਮੰਦਰ ਕਮੇਟੀ ਦੇ ਪ੍ਰਧਾਨ ਵਿਸ਼ਵ ਰਾਜ ਕੌਸ਼ਲ (ਵਿਸ਼ੂ ਰਾਣਾ) ਨੇ ਗੱਲਬਾਤ ਕਰਦਿਆਂ ਜਾਣਕਾਰੀ ਦਿੱਤੀ ਕਿ ਇਸ ਸੰਬੰਧੀ 20 ਅਕਤੂਬਰ ਨੂੰ ਹਵਨ ਪੂਜਾ ਤੇ ਝੰਡਾ ਚੜ੍ਹਾਉਣ ਦੀ ਰਸਮ ਉਪਰੰਤ ਰਾਜ ਤਿਲਕ ਅਤੇ ਬਸਤਰ ਪੂਜਾ ਸਜਿਹਪਾਲ ਬ੍ਰਾਹਮਣਾਂ ਵਲੋਂ ਕੀਤੀ ਜਾਵੇਗੀ ਤੇ 21 ਅਕਤੂਬਰ ਨੂੰ ਵਾਰਡ ਨੰਬਰ 6 ਚਖੰਡੀ ਵਿਖੇ ਟਮਕ ਤੇ ਦੀਵਾਲੀ ਪੂਜਾ ਕੀਤੀ ਜਾਵੇਗੀ। 22 ਅਕਤੂਬਰ ਨੂੰ ਆਰਤੀ ਪੂਜਾ ਉਪਰੰਤ ਮੇਲੇ ਦੀ ਆਰੰਭਤਾ ਸਵੇਰੇ 6 ਵਜੇ ਹੋ ਜਾਵੇਗੀ ਅਤੇ ਬੀ. ਏ. ਵੀ. ਸਕੂਲ ਦੇ ਖੇਡ ਮੈਦਾਨ ਵਿਖੇ ਵਿਸ਼ਾਲ ਦੰਗਲ ਹੋਵੇਗਾ, ਜਿਸ ਵਿਚ ਦੇਸ਼ ਭਰ ਦੇ ਨਾਮੀ ਪਹਿਲਵਾਨ ਸ਼ਾਮਿਲ ਹੋਣਗੇ। ਛਿੰਝ ਮੇਲੇ ਦੌਰਾਨ ਬਤੌਰ ਮੁੱਖ ਮਹਿਮਾਨ ਲੋਕ ਸਭਾ ਮਾਲਵਿੰਦਰ ਸਿੰਘ ਕੰਗ, ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ, ਸਾਬਕਾ ਸਪੀਕਰ ਰਾਣਾ ਕੇ. ਪੀ. ਸਿੰਘ, ਜਸਵੀਰ ਸਿੰਘ ਗੜ੍ਹੀ ਚੇਅਰਮੈਨ ਐਸ. ਸੀ. ਕਮਿਸ਼ਨ ਪੰਜਾਬ, ਗੁੱਜਰ ਵੈਲਫੇਅਰ ਬੋਰਡ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਤੇ ਨਗਰ ਕੌਂਸਲ ਬਲਾਚੌਰ ਦੇ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਰਾਣਾ ਸ਼ਾਮਿਲ ਹੋਣਗੇ। ਜਦ ਕਿ ਵਿਸ਼ੇਸ਼ ਮਹਿਮਾਨ ਵਜੋਂ ਸਾਬਕਾ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਮੁੱਖ ਸਲਾਹਕਾਰ ਤੇ ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਭਾਜਪਾ ਦੇ ਸੂਬਾ ਉੱਪ ਪ੍ਰਧਾਨ ਸ਼ੁਭਾਸ਼ ਸ਼ਰਮਾ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਲੱਕੀ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ, ਮਾਰਕੀਟ ਕਮੇਟੀ ਦੇ ਚੇਅਰਮੈਨ ਸੇਠੀ ਉਧਨਵਾਲ, ਸਾਬਕਾ ਚੇਅਰਮੈਨ ਚੌਧਰੀ ਅਸ਼ੋਕ ਕੁਮਾਰ ਸਪੁੱਤਰ ਚੌਧਰੀ ਨੰਦ ਲਾਲ ਸਾਬਕਾ ਮੁੱਖ ਸੰਸਦੀ ਸਕੱਤਰ, ਭਾਜਪਾ ਆਗੂ ਵਰਿੰਦਰ ਕੌਰ ਥਾਂਦੀ, ਸਾਬਕਾ ਕੌਂਸਲ ਪ੍ਰਧਾਨ ਟਿੰਕੂ ਘਈ ਸ਼ਾਮਿਲ ਹੋਣਗੇ।

ਨੱਥਾ ਨੰਗਲ ਵਿਖੇ ਕਲਾਕਾਰ ਸੋਮ ਹੰਸ ਦੇ ਗ੍ਰਹਿ ਵਿਖੇ ਕਰਵਾਏ ਮਾਤਾ ਦੇ ਜਾਗਰਣ ਦੀਆਂ ਤਸਵੀਰਾਂ।

ਨੱਥਾ ਨੰਗਲ ਵਿਖੇ ਕਲਾਕਾਰ ਸੋਮ ਹੰਸ ਦੇ ਗ੍ਰਹਿ ਵਿਖੇ ਕਰਵਾਇਆ ਮਾਤਾ ਦਾ ਜਾਗਰਣ

ਰੱਤੇਵਾਲ, 19 ਅਕਤੂਬਰ (ਅਸ਼ੋਕ ਕੁਮਾਰ ਲੀਲ)-ਪਿੰਡ ਨੱਥਾ ਨੰਗਲ ਵਿਖੇ ਮਸ਼ਹੂਰ ਕਲਾਕਾਰ ਸੋਮ ਹੰਸ ਦੇ ਗ੍ਰਹਿ ਵਿਖੇ ਮਾਤਾ ਦਾ ਜਾਗਰਣ ਕਰਵਾਇਆ। ਮਾਤਾ ਦੀ ਜੋਤ ਨੈਣਾ ਦੇਵੀ ਮੰਦਰ ਬਿਲਾਸਪੁਰ ਤੋਂ ਲਿਆਂਦੀ ਗਈ ਜੋ ਕਿ ਪਹਿਲਾਂ ਮਾਤਾ ਦੇ ਮੰਦਰ ਨੱਥਾ ਨੰਗਲ ਵਿਖੇ ਸੁਸ਼ੋਭਿਤ ਕੀਤੀ ਗਈ। ਇਸ ਤੋਂ ਬਾਅਦ ਬੈਂਡ, ਵਾਜਿਆਂ ਤੇ ਢੋਲ ਨਗਾੜਿਆਂ ਨਾਲ ਪੰਡਾਲ ਵਿਚ ਸੁਸ਼ੋਭਿਤ ਕੀਤੀ ਗਈ। ਮਾਤਾ ਦਾ ਭਵਨ ਜਾਗਰਣ ਵਿੱਚ ਆਕਰਸ਼ਣ ਦਾ ਕੇਂਦਰ ਬਣਿਆ ਰਿਹਾ। ਸਾਰੇ ਪੰਡਾਲ ਨੂੰ ਲਾਈਟਾਂ ਤੇ ਫੁੱਲਾਂ ਨਾਲ ਸਜਾਇਆ ਗਿਆ ਸੀ। ਕਲਾਕਾਰ ਬਲਵੰਤ ਹੀਰ, ਰਿਹਾਨ ਤੇ ਸੋਮ ਹੰਸ ਨੇ ਮਾਤਾ ਦੀਆਂ ਭੇਟਾਂ ਨਾਲ ਭਗਤਾਂ ਨੂੰ ਝੂੰਮਣ ਲਈ ਮਜ਼ਬੂਰ ਕਰ ਦਿੱਤਾ। ਮਾਧਵ ਕਰਤਾਰਪੁਰ ਵਾਲਿਆਂ ਨੇ ਮਾਤਾ ਰਾਣੀ ਦੀਆਂ ਝਾਕੀਆਂ ਨਾਲ ਭਗਤਾਂ ਨੂੰ ਭਗਤੀ ਦੇ ਰੰਗ ਵਿਚ ਰੰਗ ਦਿੱਤਾ। ਇਸ ਮੌਕੇ ਮਾਤਾ ਦਾ ਲੰਗਰ ਅਤੁੱਟ ਵਰਤਾਇਆ। ਤਾਰਾ ਰਾਣੀ ਦੀ ਕਥਾ ਅੱਛਰ ਸ਼ਰਮਾ ਨੇ ਕੀਤੀ ਤੇ ਸਮੂਹ ਸੰਗਤਾਂ ਨੂੰ ਮਾਤਾ ਦਾ ਪ੍ਰਸ਼ਾਦ ਵਰਤਾਇਆ। ਇਸ ਮੌਕੇ ਮੰਗਤ ਰਾਏ, ਰੋਸ਼ਨ ਲਾਲ ਸਾਬਕਾ ਸਰਪੰਚ, ਰਮਨ ਕੁਮਾਰ, ਜਸਵਿੰਦਰ ਕੌਰ ਸਰਪੰਚ, ਗੁਰਚਰਨ ਦਾਸ, ਅਮਰ ਚੰਦ ਸਾਬਕਾ ਪੰਚ, ਅਮਰੀਕ ਭੁੱਟਾ, ਚਰੰਜੀ ਸਾਊਂਡ